# ਪੰਜਾਬ ਆਈ.ਸੀ.ਟੀ. ਐਜੂਕੇਸ਼ਨ ਸੁਸਾਇਟੀ

ਐਸ.ਸੀ ਓ ਨੰ:- 104-106, ਦੂਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ ਫ਼ੋਨ ਨੰ:172-2623006, 2623207, 2620106
ਫੈਕਸ:0172-2624687 ਈ-ਮੇਲ: ictpunjab@yahoo.com

ਵੱਲ:

ਸਮੂਹ ਜਿਲ੍ਹਾ ਸਿੱਖਿਆ ਅਫ਼ਸਰ(ਸੈ.ਸਿੱ.)
ਪੰਜਾਬ।

ਮੀਮੋ ਨੰ: 5/3-ICT-2008/Rectt./Rational/30165
ਮਿਤੀ, 19-03-2010

**ਵਿਸ਼ਾ: ਕੰਪਿਊਟਰ ਅਧਿਆਪਕਾਂ ਦੀ ਕੀਤੀ ਰੈਸ਼ਨੇਲਾਇਜੇਸ਼ਨ ਸਬੰਧੀ।**

1. ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਪੰਜਾਬ ਰਾਜ ਦੇ ਕਈ ਸਕੂਲ ਅਜਿਹੇ ਹਨ ਜਿਨ੍ਹਾਂ ਵਿੱਚ ਅਜੇ ਕੰਪਿਊਟਰ ਲੈਬ ਤਿਆਰ ਨਹੀਂ ਹੈ। ਪਰ ਇਨ੍ਹਾਂ ਸਕੂਲਾਂ ਵਿੱਚ ਵੀ ਭੱਵਿਖ ਵਿੱਚ ਕੰਪਿਊਟਰ ਸਿੱਖਿਆ ਸ਼ੁਰੂ ਕੀਤੀ ਜਾਣੀ ਹੈ। ਇਸ ਤੋਂ ਇਲਾਵਾ ਕੰਪਿਊਟਰ ਅਧਿਆਪਕਾਂ ਦੀ ਕੀਤੀ ਰੈਸਨੇਲਾਇਜੇਸ਼ਨ ਉਪਰੰਤ ਕਾਫੀ ਸਕੂਲਾਂ ਵਿੱਚ ਕੰਪਿਊਟਰ ਅਧਿਆਪਕ ਵਾਧੂ ਹਨ ਅਤੇ ਕੁਝ ਸਕੂਲਾਂ ਵਿੱਚ ਕੰਪਿਊਟਰ ਅਧਿਆਪਕਾਂ ਦੀਆਂ ਆਸਾਮੀਆਂ ਖਾਲੀ ਹਨ।

2. ਆਪ ਨੂੰ ਲਿਖਿਆ ਜਾਂਦਾ ਹੈ ਕਿ ਮਿਤੀ 02-12-2008 ਨੂੰ ਮੁੱਖ ਦਫਤਰ ਵਿਖੇ ਆਈ.ਸੀ.ਟੀ ਕੋਆਰਡੀਨੇਟਰਾਂ ਦੀ ਕੰਪਿਊਟਰ ਅਧਿਆਪਕਾਂ ਦੀ ਰੈਸ਼ਨੇਲਾਇਜੇਸ਼ਨ ਸਬੰਧੀ ਹੋਈ ਮੀਟਿੰਗ ਵਿੱਚ ਫੈਸਲਾ ਲਿਆ ਗਿਆ ਸੀ ਕਿ:

ੳ) ਸਾਰੇ ਮਿਡਲ ਸਕੂਲਾਂ ਦੀਆਂ ਕੰਪਿਊਟਰ ਲੈਬਜ ਨੂੰ ਐਡੀਸ਼ਨਲ ਲੈਬ ਮੰਨ ਕੇ ਨਾਲ ਦੇ ਕੰਪਲੈਕਸ ਸਕੂਲ ਵਿੱਚੋਂ ਕੰਪਿਊਟਰ ਅਧਿਆਪਕ ਦੀਆਂ ਸੇਵਾਵਾਂ ਲੈਣ ਦਾ ਉਪਰਾਲਾ ਕੀਤਾ ਜਾਵੇ।

ਅ) ਦੋ ਕਲਬ ਮਿਡਲ ਸਕੂਲਾਂ ਦੀਆਂ ਕੰਪਿਊਟਰ ਲੈਬਜ ਵਿੱਚ ਕੰਮ ਕਰਦੇ ਕੰਪਿਊਟਰ ਅਧਿਆਪਕ ਦੀਆਂ ਸੇਵਾਵਾਂ ਉਸ ਸਕੂਲ ਵਿੱਚ ਲਈਆਂ ਜਾਣਗੀਆਂ ਜਿੱਥੇ ਕੰਪਿਊਟਰ ਅਧਿਆਪਕ ਦੀ ਲੋੜ ਮਹਿਸੂਸ ਹੋਵੇਗੀ। ਜੇਕਰ ਸੰਭਵ ਹੋਵੇ ਤਾਂ ਕੰਪਿਊਟਰ ਅਧਿਆਪਕ ਨੂੰ ਦੋਵਾਂ ਸਕੂਲਾਂ ਵਿੱਚ ਉਸ ਦੀ ਪਸੰਦ ਵਾਲੇ ਸਕੂਲ ਵਿੱਚ ਰੱਖਣ ਦੀ ਕੋਸ਼ਿਸ਼ ਕੀਤੀ ਜਾਵੇ ਬਸ਼ਰਤੇ ਕਿ ਦੋਵਾਂ ਸਕੂਲਾਂ ਵਿੱਚ ਆਸਾਮੀਆਂ ਦੀ ਘਾਟ ਨਹੀਂ ਹੈ।

ੲ) ਸਾਰੇ ਹਾਈ ਅਤੇ ਸੈਕੰਡਰੀ ਸਕੂਲਾਂ ਵਿੱਚ ਕੰਪਿਊਟਰ ਅਧਿਆਪਕਾਂ ਦੀਆਂ ਆਸਾਮੀਆਂ ਨੂੰ ਤਰਕ ਸੰਗਤ ਬਣਾਉਣ ਲਈ ਇੱਕ ਕੰਪਿਊਟਰ ਅਧਿਆਪਕ ਨੂੰ ਘੱਟੋ-ਘੱਟ 36 ਪੀਰੀਅਡ (ਸਮੇਤ ਪ੍ਰਯੋਗੀ) ਦੇਣ ਦਾ ਪੈਮਾਨਾ ਹੈ।ਕੰਪਲੈਕਸ ਅਤੇ ਫੀਡਰ ਸਕੂਲ ਨੂੰ ਇੱਕ ਮੰਨ ਕੇ ਪੋਸਟਾਂ ਦੀ ਗਿਣਤੀ ਵਧਾਈ ਘਟਾਈ ਜਾਵੇਗੀ ਅਤੇ ਫੀਡਰ ਸਕੂਲ ਦੀ ਲੈਬ ਨੂੰ ਕੰਪਲੈਕਸ ਸਕੂਲ ਦੀ ਐਡੀਸ਼ਨਲ ਲੈਬ ਗਿਣਿਆ ਜਾਵੇਗਾ।

ਸ)	ਸੈਕਸ਼ਨ ਦੀ ਵੰਡ ਕਰਦੇ ਸਮੇਂ ਡੀ.ਪੀ.ਆਈ (ਸੈ.ਸਿੱ) ਵੱਲੋਂ ਨਿਰਧਾਰਤ ਮਿਆਰਾਂ ਅੁੰਸਾਰ 6ਵੀਂ ਤੋਂ 10ਵੀਂ ਤੱਕ 40-44 ਵਿਦਿਆਰਥੀ ਅਤੇ 11ਵੀਂ ਤੋਂ 12ਵੀਂ ਤੱਕ 60-66 ਵਿਦਿਆਰਥੀਆਂ ਦਾ ਇੱਕ ਸੈਕਸ਼ਨ ਮੰਨਿਆ ਜਾਵੇਗਾ।

ਉਪਰਕਤ ਅਪਣਾਈ ਨੀਤੀ ਅਨੁਸਾਰ ਹੀ ਜਿਨ੍ਹਾਂ ਮਿਡਲ ਸਕੂਲਾਂ ਵਿੱਚ ਕੰਪਿਊਟਰ ਲੈਬ ਨਹੀਂ ਹੈ ਉਨ੍ਹਾਂ ਨੂੰ ਵੀ ਕੰਪਲੈਕਸ ਸਕੂਲਾਂ ਨਾਲ ਜੋੜ ਦਿੱਤਾ ਜਾਵੇ ਅਤੇ ਉਸ ਉਪਰੰਤ ਸਕੂਲ ਵਿੱਚ ਲੋੜੀਦੀਆਂ ਆਸਾਮੀਆਂ ਵੇਖ ਲਈਆਂ ਜਾਣ। ਜੇਕਰ ਸਕੂਲ ਵਿੱਚ ਫਿਰ ਵੀ ਕੰਪਿਊਟਰ ਅਧਿਆਪਕਾਂ ਦੀ ਆਸਾਮੀ ਵਾਧੂ ਹੋਵੇ ਤਾਂ ਹੇਠ ਲਿਖੀ ਨੀਤੀ ਅਨੁਸਾਰ ਕੰਪਿਊਟਰ ਅਧਿਆਪਕਾਂ ਨੂੰ ਮਿਤੀ 15-04-2010 ਤੋਂ ਪਹਿਲਾਂ ਪਹਿਲਾਂ ਇਸ ਦਫਤਰ ਤੋਂ ਪ੍ਰਵਾਨਗੀ ਲੈਣ ਉਪਰੰਤ ਲੋੜਵੰਦ ਸਕੂਲਾਂ ਵਿੱਚ ਭੇਜ ਦਿੱਤਾ ਜਾਵੇ।ਨੀਤੀ ਹੇਠ ਲਿਖੇ ਅਨੁਸਾਰ ਹੈ:

* ਹਰ ਸੀਨੀਅਰ ਸੈਕੰਡਰੀ/ ਹਾਈ ਸਕੂਲ ਨਾਲ ਉਨ੍ਹਾਂ ਦੀ ਐਡੀਸ਼ਨਲ ਲੈਬ (ਭਾਵ ਮਿਡਲ ਸਕੂਲ) ਨੂੰ ਇੱਕ ਸਕੂਲ ਮੰਣਿਆ ਜਾਵੇਗਾ।
* ਇੱਕ ਸ਼ਹਿਰ/ ਪਿੰਡ ਵਿੱਚ ਪੈਂਦੇ ਸਕੂਲਾਂ ਨੂੰ ਇੱਕ ਇਕਾਈ ਮੰਨਦੇ ਹੋਏ ਜੇਕਰ ਉਸੇ ਸ਼ਹਿਰ/ ਪਿੰਡ ਵਿੱਚ ਆਸਾਮੀ ਖਾਲੀ ਹੈ ਤਾਂ ਉਹ ਆਸਾਮੀ ਉਸੇ ਸ਼ਹਿਰ/ ਪਿੰਡ ਵਿੱਚ ਹੀ ਆਸਾਮੀ ਦੀ ਖਾਲੀ ਹੈ ਤਾਂ ਲੰਬੀ ਠਹਿਰ ਵਾਲੇ ਅਧਿਆਪਕ ਨੂੰ ਉਸ ਸਕੂਲ ਵਿੱਚ ਸ਼ਿਫਟ ਕਰ ਦਿੱਤਾ ਜਾਵੇ।ਜੇਕਰ ਸ਼ਹਿਰ ਵਿੱਚ ਆਸਾਮੀ ਖਾਲੀ ਨਾ ਹੋਵੇ ਤਾਂ ਉਸਨੂੰ ਉਸੇ ਬਲਾਕ ਦੇ ਲੋੜਵੰਦ ਸਕੂਲ ਵਿੱਚ ਬਦਲ ਦਿੱਤਾ ਜਾਵੇ। ਪਰੰਤੂ ਪੁਰਸ਼ ਇਸਤਰੀ ਅਧਿਆਪਕ ਦੀ ਇੱਕੋ ਜਿਹੀ ਲੰਬੀ ਠਹਿਰ ਹੋਣ ਵਾਲੇ ਕੇਸਾਂ ਵਿੱਚ ਪੁਰਸ਼ ਅਧਿਆਪਕ ਨੂੰ ਬਦਲਿਆ ਜਾਵੇਗਾ।ਜੇਕਰ ਦੋਨੋਂ ਕੰਪਿਊਟਰ ਅਧਿਆਪਕ ਮੇਲ ਜਾਂ ਫਿਮੇਲ ਹੋਣ ਤਾਂ ਉਸ ਸੂਰਤ ਵਿੱਚ ਕੰਪਿਊਟਰ ਅਧਿਆਪਕ ਦੀ ਉਮਰ ਜਿਆਦਾ ਹੋਵੇਗੀ ਉਸ ਨੂੰ ਸ਼ਿਫਟ ਕੀਤਾ ਜਾਵੇ।
* ਜੇਕਰ ਬਲਾਕ ਵਿੱਚ ਆਸਾਮੀ ਖਾਲੀ ਨਹੀਂ ਹੈ ਤਾਂ ਕੋਸ਼ਿਸ਼ ਕੀਤੀ ਜਾਵੇ ਕਿ ਤਹਸੀਲ ਵਿੱਚ ਬਦਲੀਆ ਜਾਵੇ, ਪਰ ਦੂਸਰੇ ਬਲਾਕ ਵਿੱਚ ਸ਼ਿਫਟ ਕਰਦੇ ਸਮੇਂ ਤਰਜੀਹ ਉਸ ਬਲਾਕ ਦੇ ਕੰਪਿਊਟਰ ਅਧਿਆਪਕ ਨੂੰ ਦਿੱਤੀ ਜਾਵੇਗੀ। ਇਸੇ ਤਰਾਂ ਜੇਕਰ ਤਹਸੀਲ ਵਿੱਚ ਆਸਾਮੀ ਖਾਲੀ ਨਹੀਂ ਤਾਂ ਉਸ ਨੂੰ ਜਿਲੇ ਵਿੱਚ ਕਿਸੇ ਵੀ ਖਾਲੀ ਸਕੂਲ ਵਿੱਚ ਬਦਲਿਆ ਜਾਵੇ।
* ਅੰਗਹੀਣ ਕੰਪਿਊਟਰ ਅਧਿਆਪਕ ਨੂੰ ਰੈਸਨੇਲਾਇਜੇਸ਼ਨ ਤਹਿਤ ਉਨ੍ਹਾਂ ਦੀ ਮਰਜੀ ਦੇ ਖਿਲਾਫ ਸ਼ਿਫਟ ਨਹੀਂ ਕੀਤਾ ਜਾਵੇਗਾ।
* ਜੋ ਕੰਪਿਊਟਰ ਅਧਿਆਪਕ ਆਪ ਹੀ ਸ਼ਿਫਟ ਹੋਣ ਦੇ ਇੱਛੁਕ ਹੋਵੇ ਤਾਂ ਉਸ ਨੂੰ ਵਿਚਾਰ ਲਿਆ ਜਾਵੇ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ ਆਈ.ਸੀ.ਟੀ ਐਜੂਕੇਸ਼ਨ ਸੁਸਾਇਟੀ**
**ਪੰਜਾਬ,ਚੰਡੀਗੜ੍ਹ**